# Visit of Smt. Meenakashi Lekhi, Minister of State for External Affairs to Greece (January 30-31, 2023)

February 01, 2023

.......................

## ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਵੱਲੋਂ ਯੂਨਾਨ ਦਾ ਦੌਰਾ (30-31 ਜਨਵਰੀ, 2023)

## 1 ਫਰਵਰੀ, 2023

ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 30-31 ਜਨਵਰੀ, 2023 ਨੂੰ ਯੂਨਾਨ ਦਾ ਦੌਰਾ ਕੀਤਾ|

ਇਸ ਦੌਰੇ ਦੌਰਾਨ ਰਾਜ ਮੰਤਰੀ ਨੇ ਯੂਨਾਨ ਦੇ ਉਪ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਪੈਨਾਜੀਓਟਿਸ ਪਿਕਰਾਮਮੇਨੋਸ ਨਾਲ ਮੁਲਾਕਾਤ ਕੀਤੀ. ਉਨ੍ਹਾਂ ਨੇ ਯੂਨਾਨ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਨਿਕੋਸ ਡੇਂਡੀਆਸ ਨਾਲ ਵੀ ਮੁਲਾਕਾਤ ਕੀਤੀ.

ਰਾਜ ਮੰਤਰੀ ਨੇ ਯੂਨਾਨੀ ਪਰਵਾਸੀ ਸਮੁਦਾਏ ਅਤੇ ਪਬਲਿਕ ਡਿਪਲੋਮੇਸੀ ਦੇ ਇੰਚਾਰਜ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ ਮਹਾਮਹਿਮ ਸ਼੍ਰੀ ਐਂਡ੍ਰੀਆਸ ਕਟਸਨਿਓਟਿਸ ਅਤੇ ਅਤੇ ਯੂਨਾਨ ਦੀ ਸੱਭਿਆਚਾਰ ਅਤੇ ਖੇਡ ਮੰਤਰੀ ਮਹਾਮਹਿਮ ਸ਼੍ਰੀਮਤੀ ਲੀਨਾ ਜੀ ਮੇਂਡੋਨੀ ਨਾਲ ਵਿਆਪਕ ਦੁਵੱਲੀ ਚਰਚਾ ਕੀਤੀ| ਵਿਚਾਰ ਵਟਾਂਦਰੇ ਵਪਾਰ ਅਤੇ ਆਰਥਿਕਤਾ, ਸੱਭਿਆਚਾਰ ਅਤੇ ਕਲਾ, ਲੋਕ ਪੱਧਰੀ ਸੰਪਰਕ ਅਤੇ ਪ੍ਰਵਾਸ ਅਤੇ ਗਤੀਸ਼ੀਲਤਾ 'ਤੇ ਕੇਂਦਰਿਤ ਸਨ|

ਰਾਜ ਮੰਤਰੀ ਨੇ 30 ਜਨਵਰੀ ਨੂੰ ਏਥਨਜ਼ ਵਿੱਚ ਮਹਾਤਮਾ ਗਾਂਧੀ ਦੀ ਬਰਸੀ 'ਤੇ ਉਨ੍ਹਾਂ ਦੀ ਮੂਰਤੀ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ| ਉਨ੍ਹਾਂ ਨੇ ਭਾਰਤੀ ਅਤੇ ਵਪਾਰਕ ਭਾਈਚਾਰੇ, ਭਾਰਤ ਦੇ ਦੋਸਤਾਂ, ਅਤੇ ਭਾਰਤੀ ਵਿਗਿਆਨੀਆਂ ਨਾਲ ਵੀ ਗੱਲਬਾਤ ਕੀਤੀ, ਅਤੇ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਦੇ ਜਸ਼ਨਾਂ ਦੇ ਹਿੱਸੇ ਵਜੋਂ ਹੋਏ ਵਿਸ਼ੇਸ਼ ਯੋਗਾ ਸਮਾਗਮ ਵਿੱਚ ਹਿੱਸਾ ਲਿਆ| ਰਾਜ ਮੰਤਰੀ ਨੇ ਯੂਨਾਨੀ ਸੰਗੀਤਕਾਰ ਅਤੇ ਖੋਜਕਾਰ ਸ਼੍ਰੀਮਾਨ ਕੋਨਸਟੈਨਟੀਨੋਸ ਕਲਾਇਟਿਸ ਦੀ ਕਿਤਾਬ 'ਭਾਰਤੀ ਸੰਗੀਤ' ਵੀ ਰਿਲੀਜ਼ ਕੀਤੀ|

ਰਾਜ ਮੰਤਰੀ ਦੀ ਯੂਨਾਨ ਦੀ ਫੇਰੀ ਸਦਕਾ ਭਾਰਤ ਅਤੇ ਯੂਨਾਨ ਦਰਮਿਆਨ ਸ਼ਾਨਦਾਰ ਸਬੰਧਾਂ ਨੂੰ ਹੋਰ ਰਫਤਾਰ ਮਿਲੀ ਅਤੇ ਦੋਵਾਂ ਦੇਸ਼ਾਂ ਦਰਮਿਆਨ ਨਵੇਂ ਵਿਚਾਰਾਂ ਅਤੇ ਸਹਿਯੋਗ ਦੇ ਨਵੇਂ ਮੌਕਿਆਂ ਨੂੰ ਸਾਂਝਾ ਕਰਨ ਦਾ ਮੌਕਾ ਮਿਲਿਆ|

ਨਵੀਂ ਦਿੱਲੀ

1 ਫਰਵਰੀ, 2023

DISCLAIMER: This is an approximate translation. The original is available in English on MEA's website and may be referred to as the official press release.